੧੬੬

ਮੁਕਤੀ

(ਜੀਵਨ-ਮੁਕਤ)

(ਲੇਖਕ: ਸੋਹਣ ਸਿੰਘ ਸੀਤਲ)

ਪੁਰਾਤਨ ਵਿਚਾਰਾਂ ਅਨੁਸਾਰ 'ਮੁਕਤੀ' ਦਾ ਅਰਥ ਹੈ ਜੰਮਣ ਮਰਨ ਤੋਂ ਰਹਿਤ ਹੋ ਕੇ ਕਿਸੇ ਉੱਤਮ ਅਸਥਾਨ (ਇੰਦਰਪੁਰੀ, ਸ਼ਿਵਪੁਰੀ, ਸੁਰਗ ਆਦਿ) ਵਿੱਚ ਸਥਾਈ ਵਾਸਾ। ਜਾਂ ਦੂਸਰੇ ਸ਼ਬਦਾਂ ਵਿੱਚ ਸੁਰਗ ਦੀ ਪ੍ਰਾਪਤੀ ਦਾ ਨਾਮ ਹੀ 'ਮੁਕਤੀ' ਹੈ। ਸਿੱਖ ਮਤ ਅਨੁਸਾਰ ਮੁਕਤੀ ਇੱਕ ਅਸਲੋਂ ਨਗੂਣੀ ਜਿਹੀ ਪ੍ਰਾਪਤੀ ਹੈ। ਇਸ ਵਾਸਤੇ ਸਿੱਖੀ ਇਸ ਦਾ ਤਿਆਗ ਕਰਦੀ ਹੈ।

- ਕਈ ਬੈਕੁੰਠ ਨਾਹੀ ਲਵੈ ਲਾਗੇ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥
ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥ (੧੦੭੮)

ਪਰ ਸਵਾਲ ਹੈ ਕਿ ਮੁਕਤੀ ਮਿਲੇ ਕਿਵੇਂ?

- ਬਿਨੁ ਕਰਤੂਤੀ ਮੁਕਤਿ ਨ ਪਾਈਐ॥ ਮੁਕਤਿ ਪਦਾਰਥੁ ਨਾਮੁ ਧਿਆਈਐ॥ (੨੦੧)

ਸਿੱਖੀ ਜਿਉਂਦੇ-ਜੀ ਹਰ ਕਿਸਮ ਦੇ ਬੰਧਨਾਂ ਤੋਂ ਮੁਕਤ ਹੋਣ ਨੂੰ ਪਹਿਲ ਦੇਂਦੀ ਹੈ। ਸਿੱਖ ਸਾਹਿਤ ਵਿੱਚ ਇਸ ਅਵਸਥਾ ਵਾਸਤੇ ਸ਼ਬਦ 'ਜੀਵਨ-ਮੁਕਤ' ਵਰਤਿਆ ਹੈ। ਪਰ 'ਜੀਵਨ ਮੁਕਤ' ਹੈ ਕੌਣ? ਚੌਥੇ ਪਾਤਸ਼ਾਹ ਫ਼ੁਰਮਾਉਂਦੇ ਹਨ:

- ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥ (੪੪੯)

ਤੀਸਰੇ ਪਾਤਸ਼ਾਹ ਉਸਦੀ ਪਛਾਣ ਦੱਸਦੇ ਹਨ:

- ਗੁਰਮੁਖਿ ਜੀਵੈ ਮਰੈ ਪਰਵਾਣੁ॥ ਆਰਜਾ ਨ ਛੀਜੈ ਸਬਦੁ ਪਛਾਣੁ॥ (੧੨੫)

ਜਿੱਥੇ ਮਾਇਆ ਤੇ ਮੋਹ ਦਾ ਅਸਰ ਨਾ ਰਹਿ ਜਾਏ, ਉਹ ਜੀਵਨ ਮੁਕਤ ਹੈ। ਪਰ ਇਹ ਅਵਸਥਾ ਪ੍ਰਾਪਤ ਕਿਵੇਂ ਹੋਈ?

- ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ॥ (੧੨੧)

ਅਸਲ ਵਿੱਚ ਆਤਮਾ ਦਾ ਪ੍ਰਮਾਤਮਾ ਵਿੱਚ ਅਭੇਦ ਹੋ ਜਾਣ ਦਾ ਨਾਮ ਹੀ 'ਜੀਵਨ ਮੁਕਤੀ' ਜਾਂ 'ਬ੍ਰਹਮ ਗਿਆਨ' ਹੈ। ਪਰ ਉਨ੍ਹਾਂ ਦੀ ਪਛਾਣ ਕੀ ਹੈ?

- ਜਿਨ ਸਚੁ ਜਾਤਾ ਸੇ ਸਚਿ ਸਮਾਣੇ॥ ਹਰਿ ਗੁਣ ਗਾਵਹਿ ਸਚੁ ਵਖਾਣੇ॥ (੧੧੧)

ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:

- ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ॥ (੧੩੨੯)

ਬ੍ਰਹਮ ਗਿਆਨੀ ਵਾਸਤੇ ਸ਼ਬਦ 'ਸੂਚਾਚਾਰੀ' (ਸੁੱਚੇ ਆਚਰਣ ਵਾਲਾ) ਵਰਤਿਆ ਹੈ।

- ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ॥

ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ॥ (੧੩੩੨)

ਪਰ ਸਚੁ (ਈਸ਼ਵਰ) ਵਿੱਚ ਅਭੇਦ ਹੋਣ ਵਾਸਤੇ 'ਆਪਾ' ਮਾਰਨਾ ਪੈਂਦਾ ਹੈ।

- ਆਪੁ ਗਵਾਏ ਤਾ ਹਰਿ ਪਾਏ ਹਰਿ ਸਿਉ ਸਹਜਿ ਸਮਾਵਣਿਆ॥ (੧੧੮)

- ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਵੀ ਰਲਿਆ॥ (੫੬੨)

ਉਸਦੀ ਪ੍ਰਾਪਤੀ ਵਾਸਤੇ ਪਹਿਲੀ ਸ਼ਰਤ ਹੈ 'ਨਿਸ਼ਕਾਮ ਸੇਵਾ'।

- ਸੇਵਾ ਕਰਤ ਹੋਇ ਨਿਹਕਾਮੀ॥ ਤਿਸੁ ਕਉ ਹੋਤ ਪਰਾਪਤਿ ਸੁਆਮੀ॥ (੨੮੬)

ਪਹੁੰਚੇ ਹੋਏ ਪੁਰਸ਼ ਦੇ ਮਨ ਦੀ ਅਵਸਥਾ ਹਜ਼ੂਰ ਇਉਂ ਬਿਆਨਦੇ ਹਨ:

- ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥ (੧੨੯੯)

- ਸਾਜਨ ਦੁਸਟੁ ਜਾ ਕੈ ਏਕ ਸਮਾਨੈ॥ ਜੇਤਾ ਬੋਲਣੁ ਤੇਤਾ ਗਿਆਨੈ॥ (੨੩੬)

ਜੀਵਨ ਮੁਕਤ ਪੁਰਸ਼ ਦੇ ਕੁਝ ਲੱਛਣ ਇਉਂ ਲਿਖੇ ਹਨ:

- ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥ (੨੭੫)

ਉਸ ਪਹੁੰਚੇ ਹੋਏ ਪੁਰਸ਼ ਵਾਸਤੇ ਹਜ਼ੂਰ ਨੇ ਸ਼ਬਦ 'ਪਰਉਪਕਾਰੀ' ਵੀ ਵਰਤਿਆ ਹੈ, ਤੇ ਉਸਨੂੰ ਜਨਮ ਮਰਨ ਤੋਂ ਰਹਿਤ ਕਿਹਾ ਹੈ।

- ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ (੭੪੯)

ਉਨ੍ਹਾਂ ਨੂੰ 'ਰੱਬ ਵਰਗੇ' ਵੀ ਕਿਹਾ ਹੈ।

- ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ (੩੯੭)

ਨੌਵੇਂ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਇਹ ਕਰਨੀ ਹੈ ਤਾਂ ਕਠਿਨ, ਪਰ ਪ੍ਰਭੂ ਦੀ ਪ੍ਰਾਪਤੀ ਵਾਸਤੇ ਜੀਵਨ ਗੁਜ਼ਾਰਨਾ ਐਸਾ ਹੀ ਚਾਹੀਦਾ ਹੈ।

- ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥ (੨੧੯)

ਫਿਰ ਉਸ ਦੀ ਪ੍ਰਾਪਤੀ ਹੋ ਜਾਣ ਉੱਤੇ ਮਹਾਰਾਜ ਇਉਂ ਖ਼ੁਸ਼ੀ ਪ੍ਰਗਟ ਕਰਦੇ ਹਨ:

– ਮਾਈ ਮੈ ਧਨੁ ਪਾਇਓ ਹਰਿ ਨਾਮੁ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ਰਹਾਉ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ॥ (੧੧੮੬)

ਪ੍ਰਮਾਤਮਾ ਨਾਲ ਮਿਲੇ ਹੋਏ ਪੁਰਸ਼ ਦੀ ਅਵਸਥਾ ਦੱਸਦੇ ਹਨ:

– ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥ (੬੩੩)

ਪਹੁੰਚੇ ਹੋਏ ਪੁਰਸ਼ ਤੇ ਰੱਬ ਵਿੱਚ ਕੋਈ ਭੇਦ ਨਹੀਂ।

– ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥ (੧੪੨੭)

– ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥ (੧੪੨੮)

ਦਸਵੇਂ ਪਾਤਸ਼ਾਹ ਵੀ ਏਸੇ ਵਿਚਾਰ ਦੀ ਪੁਸ਼ਟੀ ਕਰਦੇ ਹਨ:

– ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹੀ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ (ਬਚਿੱਤ੍ਰ ਨਾਟਕ, ਪਾ:੧੦)

ਕਬੀਰ ਜੀ ਜੀਵਨ ਦੀ ਅੰਤਮ ਪ੍ਰਾਪਤੀ ‘ਰੱਬ ਵਰਗੇ’ ਹੋਣਾ ਦੱਸਦੇ ਹਨ। ਭਾਵ, ਜੋ ਜੋ ਸ਼ੁਭ ਗੁਣ ਰੱਬ ਵਾਸਤੇ ਕਲਪੇ ਗਏ ਹਨ, ਉਨ੍ਹਾਂ ਦੇ ਧਾਰਨੀ ਹੋਣਾ ਹੀ ਸਫ਼ਲਤਾ ਹੈ।

– ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ॥
ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥
ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥
ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥

ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ॥
ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ॥
ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥
ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥ (੧੩੭੨)

ਪਰ ਰੱਬ ਵਰਗਾ ਮਨੁੱਖ ਤਾਂ ਬਣ ਸਕਦਾ ਹੈ, ਜੇ ਵਿੱਚੋਂ ਹਉਮੈ ਮਿਟ ਜਾਏ।

- ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ॥ (੩੩੯)

ਜਿਸ ਵੇਲੇ ਉਸ ਦੇ ਪ੍ਰੇਮ ਵਿੱਚ ਮਨ ਨਿਰਮਲ ਹੋ ਜਾਵੇ, ਫਿਰ ਤਾਂ ਮਗਰ ਲੱਗਾ ਫਿਰਦਾ ਹੈ।

- ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥ (੧੩੬੭)

ਜਦੋਂ ਵਿੱਚੋਂ ਹਉਮੈ ਨਿਕਲ ਗਈ ਤਾਂ ਹਰ ਪਾਸੇ ਉਹੋ ਹੀ ਨਜ਼ਰ ਆਉਣ ਲੱਗ ਪਿਆ।

- ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥ (੧੩੭੫)

ਰਵਿਦਾਸ ਜੀ ਵੀ ਇਸੇ ਵਿਚਾਰ ਦੀ ਪੁਸ਼ਟੀ ਕਰਦੇ ਹਨ:

- ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥ (੬੫੭)

ਰੱਬ ਅਤੇ ਸੰਤ ਵਿੱਚ ਕੋਈ ਭੇਦ ਨਹੀਂ।

- ਸੰਤ ਅਨੰਤਹਿ ਅੰਤਰੁ ਨਾਹੀ॥ (੪੮੬)

ਇਸ ਅਭੇਦਤਾ ਨੂੰ ਮਹਿਸੂਸ ਕਰਦੇ ਹੋਏ ਰਵਿਦਾਸ ਜੀ ਪ੍ਰਭੂ ਨਾਲ ਆਪਣਿਆਂ ਵਾਂਗ ਗੱਲਾਂ ਕਰਦੇ ਹਨ।

- ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥ਰਹਾਉ॥
ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ॥ ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ॥ ਰਵਿਦਾਸ ਸਮ ਦਲ ਸਮਝਾਵੈ ਕੋਊ॥ (੯੩)